ਮਤਦਾਨ ਸਭ ਤੋਂ ਉੱਤਮ ਦਾਨ ਹੈ।

ਸ਼ਿਮਲਾ ਚੰਡੀਗੜ੍ਹ ਧਰਮਪ੍ਰਾਂਤ ਦੇ ਮਸੀਹੀ ਲੋਕਾਂ ਦੇ ਲਈ ਬਿਸ਼ਪ ਸਾਹਿਬ ਦਾ ਸੰਦੇਸ਼।

ਪ੍ਰਭੂ ਯਿਸੂ ਮਸੀਹ ਵਿੱਚ ਮੇਰੇ ਪਿਆਰੇ ਵਿਸ਼ਵਾਸੀ ਸੰਗਤ, ਤੁਸੀਂ ਸਾਰਿਆਂ ਨੂੰ ਜੈ ਯਿਸੂ ਦੀ।

ਮੇਰੇ ਪਿਆਰੇ ਲੋਕੋ, ਅਸੀਂ ਸਾਰੇ ਇਸ ਗੱਲ ਨੂੰ ਜਾਣਦੇ ਹਾਂ ਕਿ ਇਹ ਸਮਾਂ ਸਾਡੇ ਦੇਸ਼ ਲਈ ਬਹੁਤ ਮਹੱਤਵਪੂਰਨ ਸਮਾਂ ਹੈ। ਇਹ ਸਮਾਂ ਦੇਸ਼ ਵਿੱਚ ਚੋਣਾਂ ਦਾ ਸਮਾਂ ਹੈ। ਸਾਡੇ ਦੇਸ਼ ਦਾ ਇੱਕ ਮਹਾਨ ਤਿਉਹਾਰ ਹੈ। ਇਸ ਕਰਕੇ ਅਸੀਂ ਵੀ, ਸ਼ਿਮਲਾ-ਚੰਡੀਗੜ੍ਹ ਧਰਮਪ੍ਰਾਂਤ (ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ) ਦੇ ਮਸੀਹੀ ਸਮੁਦਾਯ, ਆਪਣੇ ਪ੍ਰਦੇਸ਼ ਦੇ ਵਿਚ ਵੱਖ-ਵੱਖ ਦਿਨਾਂ 'ਤੇ ਵੋਟ ਪਾਵਾਂਗੇ, ਜਿਵੇਂ ਕਿ:

ਹਰਿਆਣਾ ਦੇ ਵਿੱਚ 25 ਮਈ ਨੂੰ ਵੋਟ ਪਵੇਗਾ
ਪੰਜਾਬ ਦੇ ਵਿੱਚ 1 ਜੂਨ ਨੂੰ ਵੋਟ ਪਵੇਗਾ।
ਹਿਮਾਚਲ ਪ੍ਰਦੇਸ਼ ਦੇ ਵਿੱਚ 1 ਜੂਨ ਨੂੰ ਵੋਟ ਪਵੇਗਾ।
ਅਤੇ ਚੰਡੀਗੜ੍ਹ ਦੇ ਵਿੱਚ ਵੀ 1 ਜੂਨ ਨੂੰ ਵੋਟ ਪਾਇਆ ਜਾਵੇਗਾ।

ਕਿਰਪਾ ਕਰਕੇ ਤੁਸੀਂ ਸਾਰੇ ਇਸ ਮਹੱਤਵਪੂਰਨ ਦਿਨ ਨੂੰ ਯਾਦ ਰੱਖੋ ਅਤੇ ਆਪਣੇ ਮਤਦਾਨ ਕੇਂਦਰ ਤੇ ਜ਼ਰੂਰ ਜਾਓ ਅਤੇ ਆਪਣਾ ਬਹੁਮੁਲਾ ਵੋਟ ਪਾਓ। ਮਸੀਹੀ ਹੋਣ ਕਰਕੇ, ਸਾਨੂੰ ਇੱਕ ਜ਼ਿੰਮੇਵਾਰ ਨਾਗਰਿਕ ਵੀ ਬਣਨਾ ਹੈ, ਅਤੇ ਚੰਗਾ ਨਾਗਰਿਕ ਹੋਣ ਦੇ ਨਾਤੇ ਅਸੀਂ ਵੋਟ ਦੇ ਕੇ ਇਕ ਚੰਗੇ ਸਰਕਾਰ ਦੇ ਚੁਨਾਵ ਵਿੱਚ ਆਪਣਾ ਯੋਗਦਾਨ ਪਾਉਣਾ ਹੈ। ਵੋਟ ਦੇਣਾ ਸਾਡਾ ਮੌਲਿਕ ਅਧਿਕਾਰ ਹੈ। ਲੇਕਿਨ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ, ਕਿ ਵੋਟ ਦੇਣਾ ਸਾਡਾ ਸਿਰਫ ਇਕ ਮੌਲਿਕ ਅਧਿਕਾਰ ਹੀ ਨਹੀਂ ਹੈ, ਬਲਕਿ ਇਹ ਸਾਡਾ ਫਰਜ ਵੀ ਹੈ। ਇਸ ਕਰਕੇ ਮੈਂ ਤੁਸੀਂ ਸਾਰਿਆਂ ਨੂੰ ਸੱਦਾ ਦਿੰਦਾ ਹਾਂ, ਕਿ ਤੁਸੀਂ ਸਾਰੇ ਵੋਟ ਪਾਓ। ਅਤੇ ਇਹ ਹੀ ਮੇਰਾ ਤੁਹਾਡੇ ਲਈ ਸੰਦੇਸ਼ ਹੈ।

ਅਸੀਂ ਸਾਰੇ ਉੱਤਰੀ ਭਾਰਤ ਵਿੱਚ ਵੱਧ ਰਹੇ ਗਰਮ ਤਾਪਮਾਨ ਤੋਂ ਜਾਣੂ ਹਾਂ। ਇਸ ਕਰਕੇ ਮੈਂ ਤੁਹਾਨੂੰ ਦੱਸਣਾ ਚਾਹੁਦਾ ਹਾਂ ਕਿ ਸਵੇਰ ਦੇ ਵਕਤ ਜਾ ਕੇ ਆਪਣਾ ਵੋਟ ਪਾਉਣਾ ਸਹੀ ਹੋਵੇਗਾ।

ਦੂਜਾ ਸੁਝਾਅ ਜੋ ਮੈਂ ਤੁਹਾਨੂੰ ਦੇਣਾ ਚਾਹੁੰਦਾ ਹਾਂ ਉਹ ਇਹ ਹੈ, ਕਿ ਤੁਸੀਂ ਸੋਚ ਸਮਝ ਕੇ ਆਪਣੇ ਵੋਟ ਦਾ ਵਰਤੋਂ ਕਰੋ। ਇਸ ਲਈ ਵੋਟ ਦੇ ਲਈ ਜਾਣ ਤੋਂ ਪਹਿਲਾਂ ਤੁਸੀਂ ਪ੍ਰਾਰਥਨਾ ਕਰੋ, ਤਾਂ ਜੋ ਪ੍ਰਭੂ ਪਰਮੇਸ਼ਵਰ ਤੁਹਾਡੀ ਅਗਵਾਈ ਕਰੇ, ਤਾਂ ਜੋ ਤੁਸੀਂ ਸਹੀ ਫੈਸਲਾ ਲੈ ਸਕੋ ਅਤੇ ਆਪਣਾ ਵੋਟ ਉਸ ਵਿਅਕਤੀ ਨੂੰ ਦੇ ਸਕੋ, ਜੋ ਸਾਡੇ ਦੇਸ਼ ਨੂੰ ਇਕ ਪਰਿਵਾਰ ਦਾ ਰੂਪ ਦੇਣ ਦਾ ਰੁਤਬਾ ਰੱਖਦਾ ਹੋਵੇ, ਤਾਂ ਜੋ ਅਸੀਂ ਸਾਰੇ, ਜੋ ਖੁਦਾ ਦੀ ਸੰਤਾਨ ਹਾਂ, ਆਪਣੇ ਦੇਸ਼ ਦੇ ਵਿੱਚ, ਸ਼ਾਂਤੀ, ਤਰੱਕੀ ਅਤੇ ਭਾਈਚਾਰਾ ਕਾਇਮ ਰੱਖ ਸਕੀਏ।

ਤੀਜਾ ਸੁਝਅ ਜੋ ਮੈਂ ਤੁਹਾਨੂੰ ਦੇਣਾ ਚਾਹੁੰਦਾ ਹਾਂ ਉਹ ਇਹ ਹੈ, ਕਿ ਜਦ ਤੁਸੀਂ ਵੋਟ ਦੇਣ ਲਈ ਜਾਓ, ਤਾਂ ਆਪਣੇ ਅੰਤਰ ਆਤਮਾ ਦੀ ਆਵਾਜ਼ ਜਰੂਰ ਸੁਣੋ, ਤਾਂ ਜੋ ਤੁਸੀਂ ਇੱਕ ਇਵੇਂ ਵਿਅਕਤੀ ਨੂੰ ਚੁਣ ਸਕੋ, ਜੋ ਇਮਾਨਦਾਰ ਹੋਵੇ, ਨਿਰਸਵਾਰਥ ਹੋਵੇ, ਜੋ ਇੱਕ ਖੁਸ਼ਹਾਲ ਸਮਾਜ ਦੀ ਉਸਾਰੀ ਦਾ ਖਿਆਲ ਰੱਖਦਾ ਹੋਵੇ, ਅਤੇ ਜੋ ਗਰੀਬ, ਬੇਸਹਾਰੇ ਅਤੇ ਹਰ ਵਰਗ ਦੇ ਲੋਕਾਂ ਦੇ ਭਲਾਈ ਅਤੇ ਉਨਤੀ ਦੇ ਪ੍ਰਤੀ ਸਮਰਪਿਤ ਹੋਵੇ।

ਮਸੀਹ ਵਿੱਚ ਪਿਆਰੇ ਭੈਣੋ ਤੇ ਭਰਾਵੋ, ਇਹ ਮਈ ਦਾ ਮਹੀਨਾ ਹੈ, ਅਤੇ ਮਈ ਦਾ ਮਹੀਨਾ, ਮਾਂ ਮਰੀਅਮ ਨੂੰ ਸਮਰਪਿਤ, ਪਵਿੱਤਰ ਰੋਜ਼ਰੀ ਦਾ ਮਹੀਨਾ ਹੈ। ਇਸ ਲਈ, ਅਸੀਂ ਹਰ ਇੱਕ ਦਿਨ, ਆਪਣੇ ਪਰਿਵਾਰਿਕ ਪ੍ਰਾਰਥਨਾ ਦੇ ਵਿੱਚ, ਮਾਂ ਮਰੀਅਮ ਦੀ ਅਗਵਾਈ ਦੇ ਰਾਹੀ ਆਪਣੇ ਦੇਸ਼ ਦੇ ਲਈ ਪ੍ਰਾਰਥਨਾ ਕਰੀਏ, ਅਤੇ ਖਾਸ ਕਰਕੇ ਦੇਸ਼ ਦੇ ਵਿੱਚ ਇਕ ਚੰਗੇ ਆਗੂ ਦਾ ਚੁਣਾਵ ਹੋਣ ਦੇ ਲਈ। ਮੈਂ ਹਰ ਇੱਕ ਪੈਰਿਸ ਨੂੰ ਸੱਦਾ ਦਿੰਦਾ ਹਾਂ, ਕਿ ਹਰ ਦਿਨ, ਚੁਣਾਵ ਖਤਮ ਹੋਣ ਤੱਕ, ਮਾਂ ਮਰੀਅਮ ਦਾ ਨੋਵੇਨਾ ਪ੍ਰਾਰਥਨਾ ਬੋਲੀ ਜਾਵੇ।

ਹਰ ਇਕ ਪੈਰਿਸ ਅਤੇ ਸੰਸਥਾਂ ਨੂੰ, ਮੈਂ ਇਕ ਪ੍ਰਾਰਥਨਾ ਭੇਜ ਰਿਹਾ ਹਾਂ ਜਿਸ ਦਾ ਵਰਤੋਂ ਤੁਸੀਂ ਕਰ ਸਕਦੇ ਹੋ।

+

ਪ੍ਰਭੂ ਆਪਣੀ ਕਿਰਪਾ ਤੁਸੀਂ ਸਾਰਿਆ ਉੱਤੇ ਬਣਾਏ ਰੱਖੇ।

## 2024 ਦੇ ਚੁਨਾਵ ਦੇ ਲਈ ਪ੍ਰਾਰਥਨਾ:

ਹੇ ਪ੍ਰਭੂ ਖੁਦਾ, ਤੂੰ ਸਾਨੂੰ ਆਜ਼ਾਦ ਕਰਦਾ ਅਤੇ ਸਾਨੂੰ ਆਪਣੇ ਪ੍ਰੇਮ ਨਾਲ ਭਰਦਾ ਹੈ। ਹੇ ਪ੍ਰਭੂ,
ਤੂੰ ਸਾਨੂੰ ਅਤੇ ਸਾਡੇ ਦੇਸ਼ ਨੂੰ, ਆਪਣੇ ਚਾਨਣ ਨਾਲ ਭਰ ਦੇ,
ਤਾਂ ਜੋ ਸਾਡੇ ਵਿਚਕਾਰ ਤੋਂ, ਹਰ ਪ੍ਰਕਾਰ ਦਾ ਹਨੇਰਾ ਅਤੇ ਝੂਠ ਦੂਰ ਹੋ ਜਾਵੇ।

ਸਾਡੇ ਦੇਸ਼ ਦੇ ਆਗੂਆਂ ਦੇ ਸੁਪਨਿਆਂ ਨੂੰ ਕਾਇਮ ਕਰ,
ਅਤੇ ਸਾਡੇ ਦੇਸ਼ ਦੇ ਸੰਵਿਧਾਨ ਦੇ ਸਿਧਾਂਤ: ਸਮਾਨਤਾ, ਸੁਤੰਤਰਤਾ ਅਤੇ ਭਾਈਚਾਰਾ ਨੂੰ,
ਹਮੇਸ਼ਾ ਉੱਚੇ ਦਰਜੇ ਵਿੱਚ ਰੱਖਿਆ ਜਾਵੇ।

ਹਰ ਧਰਮ ਅਤੇ ਜਾਤ, ਵਰਗ ਅਤੇ ਸਮੂਹ ਦੇ ਲੋਕ,
ਨਫਰਤ ਅਤੇ ਹਿੰਸਾ ਨੂੰ ਛੜ ਕੇ, ਏਕਤਾ ਅਤੇ ਸ਼ਾਂਤੀ ਵਿੱਚ ਰਹਿ ਸਕਣ।

ਸਾਡੀਆਂ ਵਿਧਾਨ ਸਭਾਵਾਂ, ਤਰਕ ਅਤੇ ਵਿਚਾਰ ਵਿਮਰਸ ਦਾ ਸਾਧਨ ਬਣਨ।
ਸਾਡੀ ਨਿਆਂਪਾਲਿਕਾ ਨੂੰ, ਇਮਾਨਦਾਰੀ, ਸੂਝ-ਬੂਝ,
ਅਤੇ ਨਿਆਂ ਦੀ ਪਛਾਣ ਵਜੋਂ ਜਾਣਿਆ ਜਾਵੇ।
ਸਾਡੀ ਮੀਡੀਆ, ਸਤ ਨੂੰ ਪ੍ਰਕਾਸ਼ ਦੇ ਵਿੱਚ ਲਾਉਣ ਦਾ ਸਾਧਨ ਬਣੇ,
ਅਤੇ ਸਾਡੀਆਂ ਸੰਸਥਾਵਾਂ ਨੂੰ, ਦੁਸ਼ਟ ਤਾਕਤਾਂ ਦੀ ਘੁਸਪੈਠ ਤੋਂ ਬਚਾਓ।

ਸਾਡੇ ਦੇਸ਼ ਦੇ ਗਰੀਬਾਂ ਨੂੰ ਰੋਜ਼ੀ-ਰੋਟੀ ਦੇ ਸਾਧਨ ਮੁਹੱਈਆ ਹੋ ਸਕੇ।
ਦਲਿਤ, ਆਦੀਵਾਸੀ ਅਤੇ ਗਰੀਬੀ ਦੇ ਵਿੱਚ ਹਿਣ ਵਾਲੇ ਲੋਕ,
ਰਾਸ਼ਟਰ ਨਿਰਮਾਣ ਦੀ ਮੁੱਖ ਧਾਰਾ ਨਾਲ ਜੋੜੇ ਜਾ ਸਕਣ।

ਸਾਡੇ ਜੀਵਨ ਦੇ ਹਰ ਖੇਤਰ ਵਿੱਚ ਨਿਆਂ ਅਤੇ ਇਕਤਾ ਦਾ ਰੁਤਬਾ ਬੁਲੰਦ ਹੋਵੇ।
ਸੱਚਾ ਲੋਕ ਤੰਤਰ, ਸਾਡੇ ਚੁਣਾਵੀ ਲੋਕਨੀਤੀ ਦੀ ਸ਼ਾਨ ਵਧਾਵੇ,
ਅਤੇ ਸੱਚੇ ਦੇਸ਼ ਭਗਤੀ ਦਾ ਚਾਨਣ, ਸਾਡੇ ਰਾਜਨੀਤਿਕ ਨੇਤਾਵਾਂ ਨੂੰ, ਦੁਬਾਰਾ ਪ੍ਰਕਾਸ਼ਿਤ ਕਰੇ।

ਹੇ ਸਰਬਸ਼ਕਤੀਮਾਨ ਖ਼ੁਦਾ ਬਾਪ, ਤੂੰ ਆਪਣੇ ਪਿਆਰੇ ਪੁੱਤਰ ਯਿਸੂ ਮਸੀਹ ਦੇ ਨਾਮ ਉੱਤੇ,
ਆਪਣੇ ਪਵਿੱਤਰ ਆਤਮਾ ਨੂੰ ਭੇਜ, ਅਤੇ ਸਾਡੇ ਦੇਸ਼ ਨੂੰ ਅੰਜੀਲ ਦੇ ਸਿਧਾਂਤ ਉੱਤੇ ਮਜਬੂਤ ਬਣਾ।

ਹੇ ਸਾਡੀ ਪਿਆਰੀ ਮਾਂ ਮਰੀਅਮ, ਜਿਵੇਂ ਤੂੰ ਫਾਤਿਮਾ ਵਿੱਚ ਦਰਸ਼ਨ ਦਿੱਤੀ,
ਉਸੇ ਤਰ੍ਹਾਂ, ਚੁਨੌਤੀਆਂ ਦਾ ਸਾਹਮਣਾ ਕਰ ਰਹੇ ਦੇਸ਼ਾਂ ਦਾ, ਆਸ਼ਾ ਕੇਂਦਰ ਬਣ ਜਾ,
ਅਤੇ ਸਾਡੇ ਆਪਣੇ ਪਿਆਰੇ ਭਾਰਤ ਦੇਸ਼ ਦੇ ਲਈ ਪ੍ਰਭੂ ਅੱਗੇ ਮਿਹਨਤ ਕਰ, ਆਮੀਨ।।